ਸਾਰਿਆਂ ਨੂੰ ਹੈਲੋ, ਏ-ਸਵੇਇਲ (ਸ਼ੁਭ ਦਿਨ),

ਮੈਂ ਉਹ ਵੀਡੀਓ ਰਿਕਾਰਡ ਕਰਨ ਲਈ ਸ਼ੁਕਰਗਜ਼ਾਰ ਹਾਂ, ਜਿਹੜੀ ਵੀਡੀਓ ਕੋਵਿਡ ਬਾਰੇ ਸ਼ਾਇਦ ਮੇਰੀ ਆਖਰੀ ਵੀਡੀਓ ਹੋਵੇ। ਇਸ ਕਰਕੇ ਇਹ ਕੁੱਝ ਮਿੰਟ ਲੰਬੀ ਹੈ ਅਤੇ ਮੈਂ ਉਸ ਲਈ ਖਿਮਾ ਮੰਗਦਾ ਹਾਂ, ਪਰ ਕਹਿਣ ਵਾਲਾ ਬਹੁਤ ਕੁਝ ਹੈ। ਅੱਜ ਮੈਂ ਤਿੰਨ ਚੀਜ਼ਾਂ ਬਾਰੇ ਗੱਲ ਕਰਨੀ ਚਾਹਾਂਗਾ:

1. ਨੈਸ਼ਨਲ ਇਨਡਿਜਨਿਸ ਪੀਪਲਜ਼ ਡੇਅ ਦੀ ਮਾਨਤਾ
2. ਕੋਵਿਡ ਬਾਰੇ ਨਵੀਂ ਜਾਣਕਾਰੀ- ਮਾਪੇ ਅਤੇ ਵਿਦਿਆਰਥੀ ਸਤੰਬਰ ਵਿੱਚ ਕਿਸ ਚੀਜ਼ ਦੀ ਆਸ ਕਰ ਸਕਦੇ ਹਨ; ਅਤੇ
3. ਗਰਮੀਆਂ ਅਤੇ ਪੱਤਝੜ ਲਈ ਸ਼ੁਕਰਾਨੇ ਅਤੇ ਆਸ ਦਾ ਸੁਨੇਹਾ।

ਅੱਜ ਸੈਮੀਆਮੂ, ਕੈਟਜ਼ੀ ਅਤੇ ਕਵਾਂਟਲਨ ਫਸਟ ਨੇਸ਼ਨਜ਼ ਦੀ ਅਣਸੌਂਪੀ (ਅਨਸੀਡਿਡ) ਰਵਾਇਤੀ ਧਰਤੀ ਤੋਂ ਤੁਹਾਡੇ ਨਾਲ ਗੱਲ ਕਰਨ ਸਮੇਂ ਮੈਨੂੰ ਖੁਸ਼ੀ ਹੋ ਰਹੀ ਹੈ। ਸਰੀ ਸਕੂਲ ਜ਼ਿਲ੍ਹਾ ਉਹਨਾਂ ਦੀ ਧਰਤੀ `ਤੇ ਸਥਿਤ ਹੈ ਅਤੇ ਇਹ ਮਾਨਤਾ ਹਮੇਸ਼ਾਂ ਲਈ ਹੀ ਮਹੱਤਵਪੂਰਨ ਹੈ, ਪਰ ਅੱਜ ਨੈਸ਼ਨਲ ਇਨਡਿਜਨਿਸ ਪੀਪਲਜ਼ ਡੇਅ `ਤੇ ਇਸ ਦੀ ਇਕ ਖਾਸ ਮਹੱਤਤਾ ਹੈ। ਫਸਟ ਨੇਸ਼ਨਜ਼, ਇਨੁਇਟ ਅਤੇ ਮੇਟੀਜ਼ ਲੋਕਾਂ ਦੀਆਂ ਵੰਨਸੁਵੰਨੀ ਵਿਰਾਸਤਾਂ, ਸਭਿਆਚਾਰਾਂ ਅਤੇ ਪ੍ਰਾਪਤੀਆਂ ਦਾ ਜਸ਼ਨ ਮਨਾਉਣ ਦੀ ਅੱਜ 25ਵੀਂ ਵਰ੍ਹੇਗੰਢ ਹੈ।

ਇਸ ਦਿਨ ਦੀ ਮਾਨਤਾ ਅਤੇ ਸਰੀ ਵਿੱਚ ਇਨਡਿਜਨਿਸ ਭਾਈਚਾਰਿਆਂ ਦੀ ਅਗਵਾਈ ਨੂੰ ਮਾਣ ਦਿੰਦਿਆਂ, ਮੈਂ ਕੈਮਲੂਪਸ ਰੈਜ਼ੀਡੈਂਸ਼ੀਅਲ ਸਕੂਲ ਦੇ ਕਬਰਸਤਾਨ ਬਾਰੇ ਤਾਜ਼ਾ ਸਾਂਝਾ ਬਿਆਨ ਜਾਰੀ ਕਰਨ ਲਈ ਅਬਰਿਜਨਲ ਐਜੂਕੇਸ਼ਨ ਕਾਊਂਸਲ ਦਾ ਖਾਸ ਤੌਰ `ਤੇ ਧੰਨਵਾਦ ਕਰਨਾ ਚਾਹੁੰਦਾ ਹਾਂ। ਬਿਆਨ ਵਿੱਚ ਸਰੀ ਭਰ ਦੇ ਕਈ ਸਾਂਝੀਦਾਰਾਂ ਅਤੇ ਇਨਡਿਜਨਿਸ ਲੀਡਰਾਂ ਦੀਆਂ ਅਵਾਜ਼ਾਂ ਸ਼ਾਮਲ ਹਨ ਅਤੇ ਅਸੀਂ ਉਨ੍ਹਾਂ ਦੇ ਸੁਹਿਰਦ ਸਮਰਥਨ ਅਤੇ ਸਾਂਝੀਦਾਰੀ ਲਈ ਸ਼ੁਕਰਗੁਜ਼ਾਰ ਹਾਂ।

ਮੈਂ, ਸਾਡੇ ਨਾਲ ਮਿਲ ਕੇ ਅੱਜ ਵਰਚੁਅਲ ਜਸ਼ਨ ਤਿਆਰ ਕਰਨ ਲਈ ਫਰੇਜ਼ਰ ਰੀਜਨਲ ਅਬਰਿਜਨਲ ਫਰੈਂਡਸ਼ਿੱਪ ਸੈਂਟਰ ਐਸੋਸੀਏਸ਼ਨ ਅਤੇ ਸਿਟੀ ਆਫ ਸਰੀ ਦਾ ਵੀ ਧੰਨਵਾਦ ਕਰਨਾ ਚਾਹੁੰਦਾ ਹਾਂ। ਕੈਟਜ਼ੀ, ਕਵਾਂਟਲਨ ਅਤੇ ਸੈਮੀਆਮੂ ਫਸਟ ਨੇਸ਼ਨਜ਼ ਦੀ ਮੇਜ਼ਬਾਨੀ ਅਧੀਨ ਸਰੀ ਭਰ ਦੇ ਵਿਦਿਆਰਥੀਆਂ ਨੂੰ ਮਿਲ ਕੇ ਇਨਡਿਜਨਿਸ ਅਗਵਾਈ, ਇਤਿਹਾਸ ਅਤੇ ਸਭਿਆਚਾਰ ਨੂੰ ਸਾਂਝਾ ਕਰਨ ਅਤੇ ਇਨ੍ਹਾਂ ਦਾ ਜਸ਼ਨ ਮਨਾਉਣ ਦਾ ਮੌਕਾ ਮਿਲੇਗਾ।

ਇਸ ਹਫਤੇ ਕੋਵਿਡ ਅਤੇ ਪੱਤਝੜ ਬਾਰੇ ਬਹੁਤ ਸਾਰੀ ਜਾਣਕਾਰੀ ਹੈ ਅਤੇ ਮੈਂ ਤੁਹਾਡੇ ਨਾਲ ਇਹ ਸਾਂਝਾ ਕਰਨਾ ਚਾਹੁੰਦਾ ਹਾਂ ਕਿ ਅਸੀਂ ਕਿਸ ਤਰ੍ਹਾਂ ਦਾ ਸਤੰਬਰ ਹੋਣ ਦੀ ਉਮੀਦ ਕਰਦੇ ਹਾਂ।

ਬੀ ਸੀ ਦੀ ਰੀਸਟਾਰਟ ਪਲੈਨ ਅਤੇ ਬੀ ਸੀ ਦੀ ਪੜ੍ਹਾਈ ਦੀ ਰੀਸਟਾਰਟ ਪਲੈਨ ਵਿੱਚਕਾਰ ਸਮਾਨਤਾਵਾਂ ਅਤੇ ਵੱਖਰੇਵਿਆਂ ਬਾਰੇ ਸਮਝਣਾ ਮਹੱਤਵਪੂਰਨ ਹੈ। ਬੀ ਸੀ ਦੀ ਰੀਸਟਾਰਟ ਪਲੈਨ ਵਿੱਚ 4 ਕਦਮ ਹਨ। ਪਹਿਲੇ ਕਦਮ ਵਿੱਚ 60% ਵਸੋਂ ਦੇ ਵੈਕਸੀਨ ਲਾਉਣ ਦਾ ਟੀਚਾ ਸੀ ਅਤੇ ਇਹ ਹੋ ਗਿਆ ਹੈ। 15 ਜੂਨ ਤੋਂ ਬੀ ਸੀ ਭਰ ਵਿੱਚ ਬੰਦਿਸ਼ਾਂ ਘੱਟ ਕਰ ਦਿੱਤੀਆਂ ਗਈਆਂ ਹਨ। ਉਦਾਹਰਨ ਲਈ ਤੁਸੀਂ ਬਾਹਰ ਜਨਮ ਦਿਨ ਦੀਆਂ ਪਾਰਟੀਆਂ ਕਰ ਸਕਦੇ ਹੋ, ਤੁਸੀਂ ਬੀ ਸੀ ਭਰ ਵਿੱਚ ਸਫਰ ਕਰ ਸਕਦੇ ਹੋ, ਅਤੇ ਆਪਣੇ ਘਰ ਤੋਂ ਬਾਹਰਲੇ ਲੋਕਾਂ ਨਾਲ ਇਕ ਛੋਟੇ ਗਰੁੱਪ ਵਿੱਚ ਰੈਸਟੋਰੈਂਟ ਵਿੱਚ ਖਾਣਾ ਖਾ ਸਕਦੇ ਹੋ। ਇਸ ਸਮੇਂ ਅਸੀਂ ਸਾਰੇ ਇਸ ਪੜਾਅ `ਤੇ ਹਾਂ ਅਤੇ ਮੈਨੂੰ ਯਕੀਨ ਹੈ ਕਿ ਤੁਸੀਂ ਆਪਣੇ ਭਾਈਚਾਰੇ ਵਿੱਚ ਫਰਕ ਨੂੰ ਮਹਿਸੂਸ ਕਰ ਅਤੇ ਦੇਖ ਸਕਦੇ ਹੋਵੋਗੇ।

1 ਜੁਲਾਈ ਨੂੰ ਆਪਣੀ ਵਸੋਂ ਦੇ 70% ਤੋਂ ਵੱਧ ਲੋਕਾਂ ਦੇ ਵੈਕਸੀਨ ਲੱਗ ਜਾਣ ਨਾਲ ਅਸੀਂ ਇਕ ਮਹੱਤਵਪੂਰਨ ਨਵੇਂ ਪੜਾਅ ਵਿੱਚ ਦਾਖਲ ਹੋਵਾਂਗੇ। ਕੈਨੇਡਾ ਭਰ ਵਿੱਚ ਮਨੋਰੰਜਨ ਲਈ ਸਫਰ ਕਰਨ ਦੀ ਇਜਾਜ਼ਤ ਹੋਵੇਗੀ। ਅਸੀਂ ਅੰਦਰਲੇ ਅਤੇ ਬਾਹਰਲੇ ਨਿੱਜੀ ਇਕੱਠਾਂ ਦੇ ਆਮ ਵਰਤਾਰੇ ਵੱਲ ਪਰਤਾਂਗੇ। ਅੰਦਰ ਅਤੇ ਬਾਹਰ ਖਾਣਾ ਖਾਣ ਦੇ ਸੰਬੰਧ ਵਿੱਚ ਕੋਈ ਸੀਮਾ ਨਹੀਂ ਹੋਵੇਗੀ ਅਤੇ ਤੁਸੀਂ ਆਮ ਵਾਂਗ ਕਿਸੇ ਫਿਟਨੈੱਸ ਕਲਾਸ ਵਿੱਚ

ਸ਼ਾਮਲ ਹੋ ਸਕੋਗੇ। ਸਪਸ਼ਟ ਤੌਰ 'ਤੇ ਜ਼ਿੰਦਗੀ ਨਾਰਮਲ ਵਾਂਗ ਦਿਸਣੀ ਸ਼ੁਰੂ ਹੋ ਜਾਵੇਗੀ, ਪਰ ਅਸੀਂ ਅਜੇ ਵੀ ਅੰਦਰਲੀਆਂ ਜਨਤਕ ਥਾਂਵਾਂ 'ਤੇ ਮਾਸਕ ਪਾਉਣ ਦੀ ਸਿਫਾਰਿਸ਼ ਕੀਤੀ ਜਾਂਦੀ ਹੈ, ਵਰਗੀਆਂ ਚੀਜ਼ਾਂ ਦੇਖਾਂਗੇ।

ਫਿਰ ਜੇ ਕੋਵਿਡ ਕੇਸਾਂ ਅਤੇ ਹਸਪਤਾਲ ਵਿੱਚ ਜਾਣ ਵਾਲੇ ਲੋਕਾਂ ਦੀ ਗਿਣਤੀ ਘੱਟ ਰਹਿੰਦੀ ਹੈ, ਤਾਂ ਬੀ ਸੀ ਦੀ ਰੀਸਟਾਰਟ ਪਲੈਨ ਦੇ ਚੌਥੇ ਅਤੇ ਅਖੀਰਲੇ ਕਦਮ ਦੀ ਤਰੀਕ 7 ਸਤੰਬਰ ਹੈ ਜੋ ਕਿ ਸਕੂਲ ਖੁੱਲ੍ਹਣ ਦਾ ਦਿਨ ਹੈ। ਮਾਸਕ ਪਾਉਣੇ ਨਿੱਜੀ ਚੋਣ ਹੋਵੇਗੀ, ਇਕ ਦੂਸਰੇ ਨਾਲ ਸੰਪਰਕ ਨਾਰਮਲ ਹੋਵੇਗਾ ਅਤੇ ਜ਼ਿੰਦਗੀ ਬਹੁਤ ਹੱਦ ਤੱਕ ਮਹਾਂਮਾਰੀ ਤੋਂ ਪਹਿਲਾਂ ਵਰਗੀ ਦਿਖਾਈ ਦੇਵੇਗੀ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਕੋਵਿਡ ਤੋਂ ਸੁਰੱਖਿਆ ਦੀਆਂ ਪਲੈਨਾਂ ਅਜੇ ਵੀ ਲਾਗੂ ਹੋਣਗੀਆਂ, ਪਰ ਸੰਗੀਤ ਸਮਾਰੋਹਾਂ ਅਤੇ ਅੰਦਰ ਅਤੇ ਬਾਹਰ ਹੋਣ ਵਾਲੇ ਵੱਡੇ ਇਕੱਠਾਂ ਵਰਗੀਆਂ ਚੀਜ਼ਾਂ ਨਾਲ ਜ਼ਿੰਦਗੀ ਕਾਫੀ ਹੱਦ ਤੱਕ ਨਾਰਮਲ ਦਿਖੇਗੀ। ਮੈਨੂੰ ਯਕੀਨ ਹੈ ਕਿ ਅਸੀਂ ਸਾਰੇ ਉਸ ਸਮੇਂ ਦੀ ਤੀਬਰਤਾ ਨਾਲ ਉਡੀਕ ਕਰ ਰਹੇ ਹਾਂ।

ਇੱਥੇ ਮਾਪਿਆਂ ਲਈ ਇਸ ਗੱਲ ਵੱਲ ਧਿਆਨ ਦੇਣ ਦੀ ਲੋੜ ਹੈ ਕਿ ਇਹ ਬੀ ਸੀ ਦੀ ਰੀਸਟਾਰਟ ਪਲੈਨ ਹੈ ਅਤੇ ਅਜੇ ਸਾਨੂੰ ਸਕੂਲਾਂ ਲਈ ਸੇਧਾਂ ਮਿਲਣੀਆਂ ਹਨ, ਪਰ ਸਪਸ਼ਟ ਤੌਰ 'ਤੇ ਸਤੰਬਰ ਵਿੱਚ ਸਕੂਲਾਂ ਦੇ ਉਸ ਤਰ੍ਹਾਂ ਦੇ ਦਿਖਾਈ ਦੇਣ ਦਾ ਅਨੁਮਾਨ ਹੈ ਜਿਸ ਤਰ੍ਹਾਂ ਦੇ ਸਕੂਲ ਹਮੇਸ਼ਾਂ ਤੋਂ ਹੁੰਦੇ ਆਏ ਹਨ। ਕੇ-12 ਦੀ ਪੜ੍ਹਾਈ ਦੀ ਪਲੈਨ ਬੀ ਸੀ ਦੀ ਰੀਸਟਾਰਟ ਪਲੈਨ ਨਾਲ ਇਕਸੁਰ ਹੋਵੇਗੀ।

ਇਸ ਸਮੇਂ, ਇਸ ਸਕੂਲ ਸਾਲ ਨੂੰ ਖਤਮ ਕਰਦਿਆਂ ਅਤੇ ਸਮਰ ਸਕੂਲ ਵਿੱਚ ਦਾਖਲ ਹੁੰਦਿਆਂ, ਅਸੀਂ ਸਿਹਤ ਅਤੇ ਸੁਰੱਖਿਆ ਦੇ ਮੌਜੂਦਾ ਨਿਯਮਾਂ ਦੀ ਪਾਲਣਾ ਕਰਨਾ ਜਾਰੀ ਰੱਖਾਂਗੇ। ਕੋਈ ਵੀ ਚੀਜ਼ ਤਬਦੀਲ ਨਹੀਂ ਹੋਈ ਅਤੇ ਅਸੀਂ ਪੂਰੀ ਚੌਕਸੀ ਵਰਤ ਰਹੇ ਹਾਂ।

ਸਾਡਾ ਅਨੁਮਾਨ ਹੈ ਕਿ ਸਕੂਲਾਂ ਲਈ ਸਿਹਤ ਅਤੇ ਸੁਰੱਖਿਆ ਲਈ ਨਵੀਂਆਂ ਸੇਧਾਂ ਸਾਨੂੰ ਅਗਸਤ ਦੇ ਅੱਧ ਅਤੇ ਅਗਸਤ ਦੇ ਅਖੀਰ ਦੇ ਵਿਚਕਾਰ ਮਿਲਣਗੀਆਂ। ਜਦੋਂ ਉਹ ਮਿਲਣਗੀਆਂ, ਪੱਤਝੜ ਵਿੱਚ ਸਕੂਲਾਂ ਦੇ ਦਰਵਾਜ਼ੇ ਖੁੱਲਣ ਸਮੇਂ ਤੁਸੀਂ ਅੱਗੇ ਦਿੱਤੀਆਂ ਚੀਜ਼ਾਂ ਹੋਣ ਦੀ ਉਮੀਦ ਕਰ ਸਕਦੇ ਹੋ:

- ਸਿੱਖਣ ਵਾਲੇ ਗਰੁੱਪਾਂ ਅਤੇ ਸਮੂਹਾਂ ਦਾ ਸੰਕਲਪ ਖਤਮ ਹੋ ਜਾਵੇਗਾ। ਵਿਦਿਆਰਥੀ ਨਾਰਮਲ ਵਾਂਗ ਮਿਲਣ-ਗਿਲਣ ਅਤੇ ਗੱਲਬਾਤ ਕਰਨ ਲਈ ਅਜ਼ਾਦ ਹੋਣਗੇ;
- ਐਲੀਮੈਂਟਰੀ ਅਤੇ ਸੈਕੰਡਰੀ ਪੱਧਰ 'ਤੇ ਪੜ੍ਹਾਈ 100% ਤੌਰ 'ਤੇ ਆਹਮੋ-ਸਾਹਮਣੇ ਬੈਠ ਕੇ (ਫੇਸ ਟੂ ਫੇਸ) ਹੋਵੇਗੀ;
- ਮਿਸ਼ਰਤ (ਬਲੈਂਡਿਡ) ਜਾਂ ਟ੍ਰਾਂਜੀਸ਼ਨ (ਬਦਲੀ) ਦੇ ਕੋਈ ਪ੍ਰੋਗਰਾਮ ਨਹੀਂ ਹੋਣਗੇ;
- ਕਲੱਬਾਂ, ਟੀਮਾਂ ਅਤੇ ਖੇਡਾਂ ਅਤੇ ਸਮਾਜਕ ਸਰਗਰਮੀਆਂ ਦੀਆਂ ਹੋਰ ਗਤੀਵਧੀਆਂ ਸ਼ੁਰੂ ਹੋ ਜਾਣਗੀਆਂ;
- ਖਾਣੇ ਦੀਆਂ ਸੇਵਾਵਾਂ ਦੁਬਾਰਾ ਨਾਰਮਲ ਹੋ ਜਾਣਗੀਆਂ;
- ਸੰਭਾਵਨਾ ਹੈ ਕਿ "ਭੀੜ-ਭੜੱਕੇ" ਬਾਰੇ ਸੇਧ ਜਾਰੀ ਰਹੇਗੀ;
- ਸਫਾਈ ਦੇ ਨਿਯਮ ਘੱਟ ਸਖਤ ਹੋਣਗੇ, ਪਰ ਅਜੇ ਵੀ ਮੌਜੂਦ ਹੋਣਗੇ;
- ਫੀਲਡ ਟ੍ਰਿਪ ਵਾਪਸ ਸ਼ੁਰੂ ਹੋ ਜਾਣਗੇ;
- ਸਿਹਤ ਅਤੇ ਸੁਰੱਖਿਆ ਬਾਰੇ ਨਿੱਜੀ ਚੈੱਕ ਕਰਨ ਅਤੇ ਸਰੀਰਕ ਸਫਾਈ ਬਾਰੇ ਯਾਦ ਕਰਾਉਣਾ ਜਾਰੀ ਰਹੇਗਾ;
- ਅਸੀਂ ਮਾਸਕ ਪਾਉਣ ਬਾਰੇ ਸੇਧ ਦੀ ਉਡੀਕ ਕਰ ਰਹੇ ਹਾਂ, ਪਰ ਅਸੀਂ ਇਹ ਦੱਸਣਾ ਚਾਹੁੰਦੇ ਹਾਂ ਕਿ ਬੀ ਸੀ ਦੀ ਰੀਸਟਾਰਟ ਪਲੈਨ ਵਿੱਚ ਮਾਸਕ ਪਾਉਣ ਨੂੰ "ਇਕ ਨਿੱਜੀ ਚੋਣ" ਕਿਹਾ ਗਿਆ ਹੈ।

ਇਕ ਵਾਰ ਫਿਰ ਉਪ੍ਰੋਕਤ ਸਾਰਾ ਕੁਝ ਬੀ ਸੀ ਦੀ ਵਿਸਤ੍ਰਿਤ ਰੀਸਟਾਰਟ ਪਲੈਨ ਨਾਲ ਇਕਸੁਰ ਹੋਵੇਗਾ ਅਤੇ ਅਸੀਂ ਸਕੂਲਾਂ ਲਈ ਖਾਸ ਵੇਰਵਿਆਂ ਦੀ ਉਡੀਕ ਕਰ ਰਹੇ ਹਾਂ। ਇਸ ਸਭ ਦੇ ਬਾਵਜੂਦ, ਸਾਰੇ ਸੰਕੇਤ ਇਹ ਦਰਸਾਉਂਦੇ ਹਨ ਕਿ ਅਸੀਂ ਮਹਾਂਮਾਰੀ ਤੋਂ ਪਹਿਲਾਂ ਦੀ ਤਰ੍ਹਾਂ ਦੀ ਸਕੂਲ ਵਾਪਸੀ ਦਾ ਅਨੁਮਾਨ ਲਾ ਸਕਦੇ ਹਾਂ।

ਉਪ੍ਰੋਕਤ ਸਭ ਕੁਝ ਮਹਾਂਮਾਰੀ ਦੌਰਾਨ ਬਹੁਤ ਵੱਡੇ ਸਾਂਝੇ ਯਤਨਾਂ ਕਾਰਨ ਸੰਭਵ ਹੋਇਆ ਹੈ। ਇਹ ਸੁਨੇਹਾ ਰਿਕਾਰਡ ਕਰਦਿਆਂ ਮੈਂ ਇਸ ਗੱਲ ਵੱਲ ਧਿਆਨ ਦਿਵਾਉਣਾ ਚਾਹੁੰਦਾ ਹਾਂ ਕਿ ਕੇਸਾਂ ਦੇ ਮਾਮਲੇ ਵਿੱਚ ਅਸੀਂ ਕਿੱਥੇ ਹਾਂ। ਪਿਛਲੇ 5 ਦਿਨਾਂ ਦੌਰਾਨ, ਵਾਇਰਸ ਦੇ ਸੰਪਰਕ ਵਿੱਚ ਆਉਣ ਦੇ 5 ਨੋਟਿਸ (ਨੋਟਿਸ ਆਫ ਐਕਸਪੋਜ਼ਰਜ਼) ਜਾਰੀ ਹੋਏ ਹਨ ਅਤੇ 14 ਵਿਅਕਤੀਆਂ ਨੂੰ ਆਪਣੇ ਆਪ ਨੂੰ ਇਕਾਂਤ ਵਿੱਚ ਰੱਖਣ ਲਈ ਕਿਹਾ ਗਿਆ ਹੈ। ਫਰਕ ਦੇਖਣ ਲਈ ਮੁਕਾਬਲਾ ਕਰਨ ਲਈ ਮੈਂ ਅਪ੍ਰੈਲ ਦਾ ਇਕ ਦਿਨ ਚੁਣਦਾ ਹਾਂ। ਉਸ ਇਕ ਦਿਨ ਵਿੱਚ ਵਾਇਰਸ ਦੇ ਸੰਪਰਕ ਵਿੱਚ ਆਉਣ ਦੇ 17 ਨੋਟਿਸ (ਨੋਟਿਸ ਆਫ ਐਕਸਪੋਜ਼ਰਜ਼) ਜਾਰੀ ਹੋਏ ਸਨ, 7 ਪੂਰੀਆਂ ਕਲਾਸਾਂ ਦੇ ਨਾਲ ਨਾਲ 11 ਸਟਾਫ ਮੈਂਬਰਾਂ ਸਮੇਤ 57 ਵਿਅਕਤੀਆਂ ਨੂੰ ਆਪਣੇ ਆਪ ਨੂੰ ਇਕਾਂਤ ਵਿੱਚ ਰੱਖਣ ਲਈ ਕਿਹਾ ਗਿਆ ਸੀ। ਇਹ ਫਰਕ ਦਿਖਾਉਂਦਾ ਹੈ ਕਿ ਅਸੀਂ ਕਿੱਥੇ ਸੀ ਦੇ ਮੁਕਾਬਲੇ ਅਸੀਂ ਕਿੱਥੇ ਹਾਂ। ਇਹ ਧਿਆਨ ਦੇਣ ਯੋਗ ਤਬਦੀਲੀ ਹੈ ਅਤੇ ਇਸ ਦਾ ਸਵਾਗਤ ਹੈ।

ਹੁਣੇ ਜਿਹੇ ਮੈਂ ਇਹ ਕਹਿਣ ਲਈ ਇਕ ਬਲੌਗ ਲਿਖਿਆ ਸੀ ਕਿ ਮੈਨੂੰ ਨਹੀਂ ਪਤਾ ਕਿ ਤੁਹਾਡਾ ਧੰਨਵਾਦ ਕਿਹਨਾਂ ਸ਼ਬਦਾਂ ਨਾਲ ਕਰਾਂ। ਬਹੁਤ ਸਾਰੇ ਲੋਕਾਂ ਦਾ ਧੰਨਵਾਦ ਕਰਨਾ ਬਣਦਾ ਹੈ। ਮਾਪਿਆਂ ਦਾ ਬੱਚਿਆਂ ਨੂੰ ਸਕੂਲ ਭੇਜਣ ਲਈ ਸਾਡੇ 'ਤੇ ਭਰੋਸਾ ਕਰਨ ਲਈ। ਆਪਣੇ ਸਟਾਫ ਮੈਂਬਰਾਂ ਦਾ, ਖਾਸ ਕਰਕੇ ਸਾਡੇ ਸਕੂਲਾਂ ਵਿੱਚ ਫਰੰਟਲਾਈਨ 'ਤੇ ਹੋਣ ਵਾਲੇ ਸਟਾਫ ਮੈਂਬਰਾਂ ਦਾ, ਜਿਹੜੇ ਇਕ ਸਾਲ ਤੋਂ ਵੱਧ ਸਮੇਂ ਲਈ ਕੋਵਿਡ ਦੇ ਨੇੜੇ ਰਹੇ, ਵਿਦਿਆਰਥੀਆਂ ਦਾ, ਜਿਹਨਾਂ ਨੇ ਸਭ ਕੁਝ ਵਾਪਰਨ ਦੇ ਬਾਵਜੂਦ ਹੱਸਣਾ, ਸਿੱਖਣਾ ਅਤੇ ਅੱਗੇ ਵਧਣਾ ਜਾਰੀ ਰੱਖਿਆ। ਜ਼ਰੂਰ ਹੀ ਇਹ ਸਾਲ ਪਹਿਲੇ ਸਾਲਾਂ ਤੋਂ ਵੱਖਰਾ ਸੀ। ਜ਼ਰੂਰ ਹੀ, ਇਹ ਅਜਿਹਾ ਸਾਲ ਹੈ, ਜਿਸ ਨੂੰ ਅਸੀਂ ਦੁਹਰਾਉਣਾ ਨਹੀਂ ਚਾਹੁੰਦੇ, ਪਰ ਇਸ ਦੇ ਨਾਲ ਹੀ ਇਹ ਅਜਿਹਾ ਸਾਲ ਸੀ ਜਿਸ ਨੇ ਸਾਨੂੰ ਅਹਿਸਾਸ ਕਰਵਾਇਆ ਕਿ ਅਸੀਂ ਉਸ ਨਿੱਜੀ ਸੰਬੰਧ ਨੂੰ ਕਿੰਨਾ ਲੋਚਦੇ ਹਾਂ ਅਤੇ ਸਾਨੂੰ ਉਸ ਦੀ ਕਿੰਨੀ ਲੋੜ ਹੈ। ਮੁਸਕਰਾਹਟ ਅਤੇ ਹਾਸੇ ਦੀ ਕੀਮਤ ਨੂੰ ਸਸਤੇ ਭਾਅ ਨਹੀਂ ਵੇਚਿਆ ਜਾ ਸਕਦਾ। ਸਤੰਬਰ ਵਿੱਚ ਦਰਵਾਜ਼ੇ ਖੁੱਲ੍ਹਣ ਸਮੇਂ ਜਦੋਂ ਅਸੀਂ ਛੋਟੇ ਬੱਚਿਆਂ ਨੂੰ ਹਸਦੇ-ਖੇਡਦੇ ਸੁਣਾਂਗੇ ਅਤੇ ਆਪਣੇ ਅੱਲੜ੍ਹ ਉਮਰ ਦੇ ਵਿਦਿਆਰਥੀਆਂ ਨੂੰ ਆਪਣੇ ਆਮ ਸਮਾਜਕ ਘੇਰਿਆਂ ਵਿੱਚ ਵਿਚਰਦੇ ਦੇਖਾਂਗੇ, ਤਾਂ ਬਹੁਤ ਕੁੱਝ ਜਸ਼ਨ ਮਨਾਉਣ ਵਾਲਾ ਹੋਵੇਗਾ। ਜਦੋਂ 2022 ਦੀ ਜਮਾਤ ਰਲ ਕੇ ਸਟੇਜ ਤੋਂ ਲੰਘੇਗੀ, ਤਾਂ ਅਸੀਂ ਪਿਛਾਂਹ ਦੇਖਦੇ ਹੋਏ ਕਹਿ ਸਕਾਂਗੇ ਕਿ ਅਸੀਂ ਰਲ ਕੇ ਇਹ ਕਰ ਦਿਖਾਇਆ ਹੈ।

ਵਧਾਈਆਂ, ਮੈਂ ਆਸ ਕਰਦਾ ਹਾਂ ਕਿ ਤੁਹਾਨੂੰ ਸਾਰਿਆਂ ਨੂੰ ਇਹਨਾਂ ਗਰਮੀਆਂ ਵਿੱਚ ਉਹ ਆਰਾਮ ਅਤੇ ਚੈਨ ਮਿਲੇਗਾ ਜਿਸ ਦੇ ਤੁਸੀਂ ਹੱਕਦਾਰ ਹੋ। ਸਤੰਬਰ ਵਿੱਚ ਫਿਰ ਮਿਲਾਂਗੇ।

ਹਾਇਚਕਾ (ਫਸਟ ਨੇਸ਼ਨਜ਼ ਗ੍ਰੀਟਿੰਗਜ਼)